CIBC ਮੌਰਗੇਜਾਂ ਲਈ

ਇੰਸ਼ੋਰੈਂਸ — ਉਤਪਾਦ ਦਾ ਸਾਰ

ਇਹ ਜਾਣਦੇ ਹੋਏ ਵਰਤਮਾਨ ਵਿੱਚ ਸੁਰੱਖਿਅਤ ਮਹਿਸੂਸ ਕਰੋ ਕਿ ਤੁਸੀਂ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕੀਤੀ ਹੈ

ਆਪਣੇ CIBC ਮੌਰਗੇਜ ਲਈ ਕ੍ਰੈਡਿਟਰ ਇੰਸ਼ੋਰੈਂਸ (ਲੈਣਦਾਰ ਬੀਮਾ) ਕਿਉਂ ਚੁਣਿਆ ਜਾਵੇ?

ਜਦੋਂ ਤੁਸੀਂ ਅਜਿਹੀ ਬੀਮਾ ਕਵਰੇਜ ਖਰੀਦਦੇ ਹੋ ਜੋ ਤੁਹਾਡੇ ਲਈ ਸਹੀ ਹੈ, ਤਾਂ ਤੁਸੀਂ ਭਵਿੱਖ ਵਿੱਚ ਤੁਹਾਡੀ ਆਮਦਨੀ ਨਾਲ ਸਮਝੌਤਾ ਹੋਣ ਦੇ ਬਾਵਜੂਦ ਵੀ ਆਪਣੇ ਅਤੇ ਆਪਣੇ ਪਰਿਵਾਰ ਦੀ ਤੁਹਾਡੇ ਘਰ ਵਿੱਚ ਰਹਿਣ ਦੀ ਯੋਗਤਾ ਦੀ ਰੱਖਿਆ ਕਰ ਰਹੇ ਹੋ। CIBC ਮੌਰਗੇਜਾਂ ਲਈ ਕ੍ਰੈਡਿਟਰ ਇੰਸ਼ੋਰੈਂਸ, The Canada Life Assurance Company (Canada Life) ਦੁਆਰਾ ਦਿੱਤਾ ਜਾਂਦਾ ਲੈਣਦਾਰ ਦਾ ਸਮੂਹਿਕ ਬੀਮਾ ਹੈ। ਇਹ ਬੀਮਾ ਤੁਹਾਡੀ ਮੌਤ ਜਾਂ ਕਵਰ ਕੀਤੀ ਗੰਭੀਰ ਬਿਮਾਰੀ ਦੀ ਹਾਲਤ ਵਿੱਚ*

ਤੁਹਾਡੇ ਮੌਰਗੇਜ ਦਾ ਭੁਗਤਾਨ ਕਰਨ ਜਾਂ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਜੇਕਰ ਤੁਸੀਂ ਕਿਸੇ ਅਸਮਰਥਤਾ ਕਾਰਨ ਕੰਮ ਨਹੀਂ ਕਰ ਸਕਦੇ ਜਾਂ ਬਿਨਾਂ ਇੱਛਾ ਦੇ ਨੌਕਰੀ ਚਲੀ ਜਾਂਦੀ ਹੈ ਤਾਂ ਵੀ ਇਹ ਤੁਹਾਡੇ ਮੌਰਗੇਜ ਦੇ ਭੁਗਤਾਨਾਂ ਨੂੰ ਕਵਰ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ।

ਸੁਰੱਖਿਆ	ਕਿਸੇ ਅਸਮਰਥਤਾ ਕਾਰਨ ਕੰਮ ਨਾ ਕਰ ਸਕਣ, ਬਿਨਾਂ ਇੱਛਾ ਦੇ ਨੌਕਰੀ ਚਲੇ ਜਾਣ, ਤੁਹਾਨੂੰ ਕਿਸੇ ਕਵਰ ਕੀਤੀ ਜਾਂਦੀ ਗੰਭੀਰ ਬਿਮਾਰੀ ਦਾ ਪਤਾ ਲੱਗਣ, ਜਾਂ ਤੁਹਾਡੀ ਮੌਤ ਦੀ ਸਥਿਤੀ ਵਿੱਚ, ਤੁਹਾਡੇ CIBC ਮੌਰਗੇਜ ਲਈ ਵਿੱਤੀ ਸੁਰੱਖਿਆ।
ਤੁਰੰਤ ਕਵਰੇਜ	ਜੇਕਰ ਤੁਸੀਂ ਅਰਜ਼ੀ 'ਤੇ ਸਾਰੇ ਸਿਹਤ ਸੰਬੰਧੀ ਸਵਾਲਾਂ ਦਾ ਜਵਾਬ "ਨਹੀਂ" ਵਿੱਚ ਦਿੰਦੇ ਹੋ ਅਤੇ ਤੁਹਾਡਾ CIBC ਮਾਰਗੇਜ ਮਨਜ਼ੂਰ ਹੋ ਜਾਂਦਾ ਹੈ, ਤਾਂ ਉਸੇ ਵੇਲੇ ਪ੍ਰਵਾਨਗੀ ਅਤੇ ਕਵਰੇਜ ਤੁਰੰਤ ਸ਼ੁਰੂ ਹੋ ਜਾਂਦੀ ਹੈ।
ਸਹੂਲਤ	ਆਪਣੇ ਬੀਮੇ ਦੇ ਪ੍ਰੀਮੀਅਮਾਂ ਲਈ ਵੱਖਰੇ ਭੁਗਤਾਨ ਕਰਨ ਬਾਰੇ ਚਿੰਤਾ ਨਾ ਕਰੋ — ਉਹ ਤੁਹਾਡੇ CIBC ਮੌਰਗੇਜ ਕਰਜ਼ੇ ਦੇ ਭੁਗਤਾਨ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਅਤੇ ਜੇਕਰ ਤੁਸੀਂ ਆਪਣੇ CIBC ਮੌਰਗੇਜ ਕਰਜ਼ੇ ਦੇ ਭੁਗਤਾਨ ਦੀ ਵਾਰਵਾਰਤਾ ਨੂੰ ਬਦਲਦੇ ਹੋ ਤਾਂ ਆਪਣੇ ਆਪ ਵਿਵਸਥਿਤ ਹੋ ਜਾਂਦੇ ਹਨ।

ਹੋਰ ਜਾਣਨਲਈ:

ਅੱਜ ਕਿਸੇ CIBC ਸਲਾਹਕਾਰ ਨਾਲ ਗੱਲ ਕਰੋ
ਕਿਊਬੈਕ ਖੇਤਰ: 1 866 307-2555
ਬਾਕੀ ਦਾ ਕੈਨੇਡਾ: 1 866 321-3639

CIBC ਬੈਂਕਿੰਗ ਸੈਂਟਰ ਵਿਖੇ ਜਾਓ
cibc.com/creditor 'ਤੇ ਜਾਓ

* ਮੌਰਗੇਜ ਲੋਨ ਅਜਿਹਾ ਲੋਨ ਚੱਲ/ਅਚੱਲ ਜਾਇਦਾਦ ਦੇ ਬਦਲੇ ਦਿੱਤਾ ਸੁਰੱਖਿਅਤ ਲੋਨ ਹੋਵੇ, ਜਾਂ ਰਾਖਵੀਂ ਜ਼ਮੀਨ, ਸੰਧੀ ਜ਼ਮੀਨ, ਜਾਂ ਆਦਿਵਾਸੀ ਮਲਕੀਅਤ ਵਾਲੀ ਜ਼ਮੀਨ 'ਤੇ ਸਥਿਤ ਰਿਹਾਇਸ਼ੀ ਜਾਇਦਾਦ ਦੇ ਬਦਲੇ ਦਿੱਤਾ ਗਿਆ ਅਸੁਰੱਖਿਅਤ ਲੋਨ ਹੋਵੇ।

ਕੈਪੀਟਲਾਈਜ਼ਡ (ਵੱਡੇ ਅੱਖਰਾਂ ਵਾਲੇ) ਸ਼ਬਦ ਪਰਿਭਾਸ਼ਿਤ ਸ਼ਬਦ ਹਨ ਜੋ CIBC ਮੌਰਗੇਜਾਂ ਲਈ ਕਰੈਡਿਟਰ ਬੀਮਾ ਦੇ ਬੀਮਾ ਸਰਟੀਫਿਕੇਟ ਵਿੱਚ ਮਿਲਦੇ ਹਨ।]

13031 Punjabi – 2025/06

ਇਸ ਬੀਮੇ ਦੀ ਖਰੀਦ ਵਿਕਲਪਿਕ ਹੈ ਅਤੇ ਕਿਸੇ ਵੀ CIBC ਉਤਪਾਦ ਜਾਂ ਸੇਵਾ ਨੂੰ ਪ੍ਰਾਪਤ ਕਰਨ ਦੀ ਲੋੜ ਨਹੀਂ ਹੈ। ਇਸ ਉਤਪਾਦ ਦੇ ਸਾਰ ਵਿੱਚ ਦਿੱਤੀ ਗਈ ਜਾਣਕਾਰੀ ਦਾ ਮਕਸਦ ਸਿਰਫ ਇੱਕ ਆਮ ਸਾਰ ਹੈ। ਲਾਭਾਂ, ਲਾਗਤ, ਯੋਗਤਾ ਸ਼ਰਤਾਂ, ਸੀਮਾਵਾਂ ਅਤੇ ਅਲਹਿਦਗੀਆਂ (ਅਲਹਿਦਗੀਆਂ ਅਜਿਹੇ ਹਾਲਾਤ ਹਨ ਜਦੋਂ ਲਾਭਾਂ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ) ਦੇ ਪੂਰੇ ਵੇਰਵੇ ਸਮੇਤ ਕਵਰੇਜ ਦੇ ਪੂਰੇ ਵੇਰਵਿਆਂ ਲਈ ਕਿਰਪਾ ਕਰਕੇ ਬੀਮੇ' ਦਾ ਸਰਟੀਫਿਕੇਟ ਦੇਖੋ।

ਧਿਆਨ ਦਿਓ: ਹਰੇਕ ਕਵਰੇਜ ਲਈ ਵੱਧ ਤੋਂ ਵੱਧ ਦੋ ਵਿਅਕਤੀਆਂ ਦਾ ਬੀਮਾ ਕੀਤਾ ਜਾ ਸਕਦਾ ਹੈ। ਤੁਹਾਡਾ ਇੱਕੋ ਮੌਰਗੇਜ ਕਰਜ਼ੇ 'ਤੇ ਡਿਸਏਬਿਲਟੀ ਇੰਸ਼ੋਰੈਂਸ ਅਤੇ ਡਿਸਏਬਿਲਟੀ ਇੰਸ਼ੋਰੈਂਸ ਪਲੱਸ ਦੋਵਾਂ ਲਈ ਬੀਮਾ ਨਹੀਂ ਕੀਤਾ ਜਾ ਸਕਦਾ ਹੈ।

CIBC ਮੌਰਗੇਜਾਂ ਲਈ ਜੀਵਨ ਬੀਮਾ ਅਤੇ ਗੰਭੀਰ ਬਿਮਾਰੀ ਬੀਮਾ

ਸਾਰ	ਜੀਵਨ ਬੀਮਾ	ਖ਼ਤਰਨਾਕ ਬਿਮਾਰੀ ਦਾ ਬੀਮਾ
ਇਹ ਕੀ ਕਵਰ ਕਰਦਾ ਹੈ	ਜਾਨੀ ਨੁਕਸਾਨ।	ਕਵਰ ਕੀਤੀ ਗੰਭੀਰ ਬਿਮਾਰੀ (ਕੈਂਸਰ, ਤੀਬਰ ਦਿਲ ਦਾ ਦੌਰਾ, ਸਟ੍ਰੋਕ, ਜਾਂ ਦਿਲ ਦੀ ਧਮਨੀ ਦੀ ਬਾਈਪਾਸ ਸਰਜਰੀ) ਦਾ ਨਿਦਾਨ।
ਕੌਣ ਅਰਜ਼ੀ ਦੇ ਸਕਦਾ ਹੈ	• ਕੈਨੇਡਾ ਦਾ ਵਸਨੀਕ; • 18 ਸਾਲ ਜਾਂ ਵੱਧ ਅਤੇ 65 ਸਾਲ ਤੋਂ ਘੱਟ ਦੀ ਉਮਰ*; • CIBC ਮੌਰਗੇਜ ਕਰਜ਼ੇ ਲਈ ਪ੍ਰਵਾਨਿਤ • CIBC ਮੌਰਗੇਜ ਕਰਜ਼ੇ 'ਤੇ ਉਧਾਰ ਲੈਣ ਵਾਲਾ, ਸਹਿ-ਉਧਾਰ ਲੈਣ ਵਾਲਾ ਜਾਂ ਗਾਰੰਟਰ; ਅਤੇ • ਤੁਹਾਡੇ ਸਾਰੇ ਜੀਵਨ-ਬੀਮਾ ਵਾਲੇ CIBC ਮੌਰਗੇਜ ਕਰਜ਼ਿਆਂ 'ਤੇ ਪਹਿਲਾਂ ਤੋਂ ਹੀ $10,00,000 ਤੋਂ ਵੱਧ ਦਾ ਜੀਵਨ ਬੀਮਾ ਨਹੀਂ ਹੋਣਾ ਚਾਹੀਦਾ *ਧਿਆਨ ਦਿਓ: ਜੇਕਰ ਤੁਹਾਡੀ ਅਰਜ਼ੀ ਪ੍ਰਾਪਤ ਹੋਣ ਸਮੇਂ ਤੁਹਾਡੀ ਉਮਰ 65 ਅਤੇ 69 ਸਾਲ ਦੇ ਵਿਚਕਾਰ ਹੈ, ਤਾਂ ਤੁਸੀਂ "ਕਵਰੇਜ ਲਈ ਪਹਿਲਾਂ ਤੋਂ ਮਾਨਤਾ" ਲਈ ਯੋਗ ਹੋ ਸਕਦੇ ਹੋ।	• ਕੈਨੇਡਾ ਦਾ ਵਸਨੀਕ; • 18 ਸਾਲ ਜਾਂ ਵੱਧ ਅਤੇ 56 ਸਾਲ ਤੋਂ ਘੱਟ ਦੀ ਉਮਰ*; • CIBC ਮੌਰਗੇਜ ਕਰਜ਼ੇ ਲਈ ਪ੍ਰਵਾਨਿਤ • CIBC ਮੌਰਗੇਜ ਕਰਜ਼ੇ 'ਤੇ ਉਧਾਰ ਲੈਣ ਵਾਲਾ, ਸਹਿ-ਉਧਾਰ ਲੈਣ ਵਾਲਾ ਜਾਂ ਗਾਰੰਟਰ; ਅਤੇ • ਤੁਹਾਡੇ ਸਾਰੇ ਗੰਭੀਰ ਬਿਮਾਰੀ ਦੇ ਬੀਮੇ ਵਾਲੇ CIBC ਮੌਰਗੇਜ ਕਰਜ਼ਿਆਂ 'ਤੇ ਪਹਿਲਾਂ ਤੋਂ ਹੀ $500,000 ਤੋਂ ਵੱਧ ਦਾ ਗੰਭੀਰ ਬਿਮਾਰੀ ਦਾ ਬੀਮਾ ਨਹੀਂ ਹੋਣਾ ਚਾਹੀਦਾ *ਧਿਆਨ ਦਿਓ: ਜੇਕਰ ਤੁਹਾਡੀ ਅਰਜ਼ੀ ਪ੍ਰਾਪਤ ਹੋਣ ਸਮੇਂ ਤੁਹਾਡੀ ਉਮਰ 56 ਅਤੇ 69 ਸਾਲ ਦੇ ਵਿਚਕਾਰ ਹੈ, ਤਾਂ ਤੁਸੀਂ "ਕਵਰੇਜ ਲਈ ਪਹਿਲਾਂ ਤੋਂ ਮਾਨਤਾ" ਲਈ ਯੋਗ ਹੋ ਸਕਦੇ ਹੋ।
ਇਹ ਕਿੰਨਾ ਭੁਗਤਾਨ ਕਰਦਾ ਹੈ	ਲਾਭ ਦੀ ਰਕਮ ਤੁਹਾਡੀ ਮੌਤ ਦੀ ਮਿਤੀ 'ਤੇ ਤੁਹਾਡੇ ਬੀਮਾਯੁਕਤ CIBC ਮੌਰਗੇਜ ਲੋਨ ਦੀ ਬਕਾਇਆ ਮੂਲ ਰਕਮ ਹੈ, ਜੋ ਵੱਧ ਤੋਂ ਵੱਧ ਲਾਭ ਤੱਕ ਹੈ। ਤੁਹਾਡੇ ਜੀਵਨ-ਬੀਮਾ ਵਾਲੇ CIBC ਮੌਰਗੇਜ ਕਰਜ਼ਿਆਂ ਲਈ ਵੱਧ ਤੋਂ ਵੱਧ ਲਾਭ $10,00,000 ਹੈ। ਇਸ ਲਈ, ਅਜਿਹੇ ਮਾਮਲੇ ਹੋ ਸਕਦੇ ਹਨ ਜਿੱਥੇ ਤੁਹਾਡੇ ਮੌਰਗੇਜ ਕਰਜ਼ੇ ਨੂੰ ਸਿਰਫ ਅੰਸ਼ਕ ਤੌਰ 'ਤੇ ਕਵਰ ਕੀਤਾ ਗਿਆ ਹੈ।	ਲਾਭ ਦੀ ਰਕਮ ਤੁਹਾਡੇ ਨਿਦਾਨ ਦੀ ਮਿਤੀ ਨੂੰ, ਵੱਧ ਤੋਂ ਵੱਧ ਲਾਭ ਤੱਕ, ਤੁਹਾਡੇ ਬੀਮੇ ਵਾਲੇ CIBC ਮੌਰਗੇਜ ਕਰਜ਼ੇ ਦਾ ਬਾਕੀ ਬਚਿਆ ਮੂਲ ਬਕਾਇਆ ਹੈ। ਤੁਹਾਡੇ ਗੰਭੀਰ ਬਿਮਾਰੀ ਦੇ ਬੀਮੇ ਵਾਲੇ CIBC ਮੌਰਗੇਜ ਕਰਜ਼ਿਆਂ ਲਈ ਵੱਧ ਤੋਂ ਵੱਧ ਲਾਭ $500,000 ਹੈ। ਇਸ ਲਈ, ਅਜਿਹੇ ਮਾਮਲੇ ਹੋ ਸਕਦੇ ਹਨ ਜਿੱਥੇ ਤੁਹਾਡੇ ਮੌਰਗੇਜ ਕਰਜ਼ੇ ਨੂੰ ਸਿਰਫ ਅੰਸ਼ਕ ਤੌਰ 'ਤੇ ਕਵਰ ਕੀਤਾ ਗਿਆ ਹੈ।
ਅਲਹਿਦਗੀਆਂ (ਪੂਰੀ ਸੂਚੀ ਨਹੀਂ। ਸਾਰੀਆਂ ਅਲਹਿਦਗੀਆਂ ਅਤੇ ਸੀਮਾਵਾਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ)	ਕੋਈ ਲਾਭ ਦੇਣ ਯੋਗ ਨਹੀਂ ਹੁੰਦਾ ਹੈ ਜੇਕਰ: • ਤੁਹਾਡੀ ਮੌਤ ਕਿਸੇ ਅਪਰਾਧਿਕ ਜੁਰਮ ਕਰਨ ਜਾਂ ਕਰਨ ਦੀ ਕੋਸ਼ਿਸ਼ ਦੇ ਨਤੀਜੇ ਵਜੋਂ ਹੋਈ ਹੈ • ਤੁਸੀਂ ਤੁਹਾਡਾ ਬੀਮਾ ਸ਼ੁਰੂ ਹੋਣ ਦੀ ਮਿਤੀ ਤੋਂ ਦੋ ਸਾਲਾਂ ਦੇ ਅੰਦਰ ਖੁਦਕੁਸ਼ੀ ਕਰ ਲੈਂਦੇ ਹੋ	ਕੋਈ ਲਾਭ ਦੇਣ ਯੋਗ ਨਹੀਂ ਹੁੰਦਾ ਹੈ ਜੇਕਰ: • ਤੁਹਾਡਾ ਨਿਦਾਨ ਕੈਂਸਰ, ਤੀਬਰ ਦਿਲ ਦੇ ਦੌਰੇ, ਸਟ੍ਰੋਕ, ਜਾਂ ਦਿਲ ਦੀ ਧਮਨੀ ਦੀ ਬਾਈਪਾਸ ਸਰਜਰੀ ਦੀ ਪਰਿਭਾਸ਼ਾ ਨੂੰ ਪੂਰਾ ਨਹੀਂ ਕਰਦਾ ਜਿਵੇਂ ਕਿ ਬੀਮੇ ਦੇ ਸਰਟੀਫਿਕੇਟ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਧਿਆਨ ਦਿਓ: ਸਾਰੇ ਕੈਂਸਰ, ਦਿਲ ਦੇ ਦੌਰੇ, ਸਟ੍ਰੋਕ, ਜਾਂ ਦਿਲ ਦੀ ਧਮਨੀ ਦੀਆਂ ਬਾਈਪਾਸ ਸਰਜਰੀਆਂ ਇਸ ਬੀਮੇ ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ ਹਨ। ਵੇਰਵਿਆਂ ਲਈ ਬੀਮਾ ਸਰਟੀਫਿਕੇਟ ਵਿੱਚ "ਮੌਰਗੇਜ ਗੰਭੀਰ ਬਿਮਾਰੀ ਬੀਮਾ" ਭਾਗ ਦੇਖੋ। • ਕਿਸੇ ਗੰਭੀਰ ਬਿਮਾਰੀ ਦਾ ਪਤਾ ਲੱਗਣ ਤੋਂ ਬਾਅਦ 30 ਦਿਨਾਂ ਦੇ ਅੰਦਰ ਤੁਹਾਡੀ ਮੌਤ ਹੋ ਜਾਂਦੀ ਹੈ।
ਉਮਰ ਦੀ ਕਵਰੇਜ ਖ਼ਤਮ ਹੁੰਦੀ ਹੈ	70	70

13031 Punjabi – 2025/06

ਸਾਰ	ਜੀਵਨ ਬੀਮਾ	ਖ਼ਤਰਨਾਕ ਬਿਮਾਰੀ ਦਾ ਬੀਮਾ
ਤੁਹਾਡੇ ਬੀਮੇ ਦੀ ਲਾਗਤ ਕੀ ਹੈ	ਤੁਹਾਡਾ ਮਹੀਨਾਵਾਰ[2] ਪ੍ਰੀਮੀਅਮ ਤੁਹਾਡੀ ਅਰਜ਼ੀ ਦੀ ਮਿਤੀ 'ਤੇ ਤੁਹਾਡੀ ਉਮਰ, ਸ਼ੁਰੂਆਤੀ ਬੀਮੇ ਦੀ ਰਕਮ[3] ਅਤੇ ਬੀਮੇ ਦੇ ਸਰਟੀਫਿਕੇਟ ਵਿੱਚ ਨਿਰਧਾਰਤ ਲਾਗੂ ਪ੍ਰੀਮੀਅਮ ਦਰ[4] 'ਤੇ ਅਧਾਰਤ ਹੁੰਦਾ ਹੈ। ਜਿੱਥੇ ਲਾਗੂ ਹੋਵੇ, ਸੂਬਾਈ ਟੈਕਸ ਸ਼ਾਮਲ ਕੀਤੇ ਜਾਂਦੇ ਹਨ। ਤੁਹਾਡੇ ਮਹੀਨਾਵਾਰ ਜੀਵਨ ਬੀਮਾ ਪ੍ਰੀਮੀਅਮ 'ਤੇ ਛੋਟਾਂ ਲਾਗੂ ਹੋ ਸਕਦੀਆਂ ਹਨ। ਕਿਰਪਾ ਕਰਕੇ ਹੇਠਾਂ "ਪ੍ਰੀਮੀਅਮ ਵਿੱਚ ਛੋਟਾਂ" ਭਾਗ ਦੇਖੋ ਪ੍ਰੀਮੀਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ਇਸ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਭਾਗ ਵਿੱਚ "ਮੌਰਗੇਜ ਜੀਵਨ ਬੀਮਾ" ਦੇਖੋ।	ਤੁਹਾਡਾ ਮਹੀਨਾਵਾਰ[2] ਪ੍ਰੀਮੀਅਮ ਤੁਹਾਡੀ ਅਰਜ਼ੀ ਦੀ ਮਿਤੀ 'ਤੇ ਤੁਹਾਡੀ ਉਮਰ, ਸ਼ੁਰੂਆਤੀ ਬੀਮੇ ਦੀ ਰਕਮ[3] ਅਤੇ ਬੀਮੇ ਦੇ ਸਰਟੀਫਿਕੇਟ ਵਿੱਚ ਨਿਰਧਾਰਤ ਲਾਗੂ ਪ੍ਰੀਮੀਅਮ ਦਰ[4] 'ਤੇ ਅਧਾਰਤ ਹੁੰਦਾ ਹੈ। ਜਿੱਥੇ ਲਾਗੂ ਹੋਵੇ, ਸੂਬਾਈ ਟੈਕਸ ਸ਼ਾਮਲ ਕੀਤੇ ਜਾਂਦੇ ਹਨ। ਤੁਹਾਡੇ ਮਹੀਨਾਵਾਰ ਗੰਭੀਰ ਬਿਮਾਰੀ ਬੀਮਾ ਪ੍ਰੀਮੀਅਮ 'ਤੇ ਛੋਟਾਂ ਲਾਗੂ ਹੋ ਸਕਦੀਆਂ ਹਨ। ਕਿਰਪਾ ਕਰਕੇ ਹੇਠਾਂ "ਪ੍ਰੀਮੀਅਮ ਵਿੱਚ ਛੋਟਾਂ" ਭਾਗ ਦੇਖੋ ਪ੍ਰੀਮੀਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ਇਸ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਭਾਗ ਵਿੱਚ "ਮੌਰਗੇਜ ਗੰਭੀਰ ਬਿਮਾਰੀ ਬੀਮਾ" ਦੇਖੋ।

CIBC ਮੌਰਗੇਜਾਂ ਲਈ ਡਿਸਏਬਿਲਿਟੀ ਇੰਸ਼ੋਰੈਂਸ ਅਤੇ ਡਿਸਏਬਿਲਿਟੀ ਇੰਸ਼ੋਰੈਂਸ ਪਲੱਸ

ਸਾਰ	ਡਿਸਏਬਿਲਿਟੀ ਇੰਸ਼ੋਰੈਂਸ	ਡਿਸਏਬਿਲਿਟੀ ਇੰਸ਼ੋਰੈਂਸ ਪਲੱਸ
ਇਹ ਕੀ ਕਵਰ ਕਰਦਾ ਹੈ	ਬਿਮਾਰੀ ਜਾਂ ਸੱਟ ਦੇ ਕਾਰਨ ਕੰਮ ਕਰਨ ਵਿੱਚ ਅਸਮਰਥਤਾ। ਇਹ ਜ਼ਰੂਰੀ ਹੈ ਕਿ ਤੁਸੀਂ ਬਿਮਾਰੀ ਜਾਂ ਸੱਟ ਦੇ ਕਾਰਨ, ਇਹ ਕਰਨ ਲਈ ਪੂਰੀ ਤਰ੍ਹਾਂ ਅਸਮਰੱਥ ਹੋਵੋ: • ਤੁਹਾਡੇ ਪੂਰੇ ਸਮੇਂ ਦੇ ਪੇਸ਼ੇ ਦੀਆਂ ਨਿਯਮਿਤ ਡਿਊਟੀਆਂ ਜਿਸ ਵਿੱਚ ਤੁਸੀਂ ਅਸਮਰਥ ਬਣਨ ਤੋਂ ਤੁਰੰਤ ਪਹਿਲਾਂ ਲੱਗੇ ਹੋਏ ਸੀ; ਜਾਂ • ਤੁਹਾਡੇ ਮੁੱਖ ਪੇਸ਼ੇ ਦੀਆਂ ਜ਼ਰੂਰੀ ਡਿਊਟੀਆਂ, ਜੇਕਰ ਤੁਸੀਂ ਇੱਕ ਮੌਸਮੀ ਕਰਮਚਾਰੀ ਹੋ	ਬਿਮਾਰੀ ਜਾਂ ਸੱਟ ਦੇ ਕਾਰਨ ਕੰਮ ਕਰਨ ਵਿੱਚ ਅਸਮਰਥਤਾ (ਡਿਸਏਬਿਲਿਟੀ ਇੰਸ਼ੋਰੈਂਸ), ਅਤੇ ਰੁਜ਼ਗਾਰ ਦਾ ਅਣਇੱਛਤ ਨੁਕਸਾਨ (ਨੌਕਰੀ ਚਲੇ ਜਾਣ ਦਾ ਬੀਮਾ)। ਨੌਕਰੀ ਚਲੇ ਜਾਣ ਦਾ ਅਰਥ: • ਜੇ ਤੁਸੀਂ ਕਰਮਚਾਰੀ ਹੋ, ਕਿ ਤੁਹਾਨੂੰ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਅਣਇੱਛਤ ਤੌਰ 'ਤੇ ਬਰਖਾਸਤ ਕੀਤਾ ਗਿਆ ਸੀ (ਕਾਰਨ ਲਈ ਨਹੀਂ), ਜਿਸ ਵਿੱਚ ਸਥਾਈ ਛਾਂਟੀ ਵੀ ਸ਼ਾਮਲ ਹੈ, ਅਤੇ ਤੁਸੀਂ ਕੈਨੇਡਾ ਸਰਕਾਰ ਦੇ ਰੁਜ਼ਗਾਰ ਬੀਮਾ ਲਾਭ ਪ੍ਰਾਪਤ ਕਰਨ ਦੇ ਯੋਗ ਹੋ। ਨੌਕਰੀ ਦੇ ਚਲੇ ਜਾਣ ਵਿੱਚ ਹੜਤਾਲ ਜਾਂ ਅਸਥਾਈ ਛਾਂਟੀ ਸ਼ਾਮਲ ਨਹੀਂ ਹੈ। • ਜੇ ਤੁਸੀਂ ਸੁਤੰਤਰ ਠੇਕੇਦਾਰ ਜਾਂ ਮੌਸਮੀ ਕਰਮਚਾਰੀ ਹੋ, ਤਾਂ ਤੁਹਾਡੀ ਨੌਕਰੀ ਤੁਹਾਡੇ ਰੁਜ਼ਗਾਰ ਜਾਂ ਸੇਵਾਵਾਂ ਦੇ ਇਕਰਾਰਨਾਮੇ ਵਿੱਚ ਪਹਿਲਾਂ ਤੋਂ ਨਿਰਧਾਰਤ ਸਮਾਂ ਸੀਮਾ ਜਾਂ ਸਮਾਪਤੀ ਮਿਤੀ ਤੋਂ ਪਹਿਲਾਂ ਦੂਜੀ ਧਿਰ ਦੁਆਰਾ ਸਹੂਲਤ ਲਈ (ਅਤੇ ਕਾਰਨ ਲਈ ਨਹੀਂ) ਅਤੇ ਤੁਹਾਡੇ ਦੁਆਰਾ ਨਹੀਂ, ਅਣਇੱਛਤ ਤੌਰ 'ਤੇ ਖਤਮ ਕਰ ਦਿੱਤੀ ਗਈ ਸੀ। • ਜੇ ਤੁਸੀਂ ਸਵੈ-ਰੁਜ਼ਗਾਰ ਵਿੱਚ ਹੋ, ਤਾਂ ਤੁਹਾਡਾ ਕਾਰੋਬਾਰ ਤੁਹਾਡੇ ਨਿਯੰਤ੍ਰਣ ਤੋਂ ਬਾਹਰ ਦੇ ਕਾਰਨਾਂ ਕਰਕੇ ਸਥਾਈ ਤੌਰ 'ਤੇ ਬੰਦ ਹੋ ਗਿਆ ਹੈ ਅਤੇ ਬੰਦ ਹੋਣਾ ਸੂਬਾਈ ਜਾਂ ਸੰਘੀ ਸਰਕਾਰ ਦੇ ਅਥਾਰਟੀ ਕੋਲ ਰਜਿਸਟਰ ਕੀਤਾ
ਕੌਣ ਅਰਜ਼ੀ ਦੇ ਸਕਦਾ ਹੈ	• ਕੈਨੇਡਾ ਦਾ ਵਸਨੀਕ; • 18 ਸਾਲ ਜਾਂ ਵੱਧ ਅਤੇ 65 ਸਾਲ ਤੋਂ ਘੱਟ ਦੀ ਉਮਰ; • CIBC ਮੌਰਗੇਜ ਕਰਜ਼ੇ ਲਈ ਪ੍ਰਵਾਨਿਤ • CIBC ਮੌਰਗੇਜ ਕਰਜ਼ੇ 'ਤੇ ਉਧਾਰ ਲੈਣ ਵਾਲਾ, ਸਹਿ-ਉਧਾਰ ਲੈਣ ਵਾਲਾ ਜਾਂ ਗਾਰੰਟਰ; • ਕਿਸੇ ਵੀ ਸਰੋਤ ਤੋਂ ਕੋਈ ਅਸਮਰਥਤਾ ਲਾਭ ਪ੍ਰਾਪਤ ਨਾ ਕਰ ਰਹੇ ਹੋਵੋ; ਅਤੇ • ਲਾਜ਼ਮੀ ਤੌਰ 'ਤੇ ਰੁਜ਼ਗਾਰ ਵਿੱਚ ਲੱਗੇ ਹੋਵੋ ਅਤੇ ਪ੍ਰਤੀ ਹਫ਼ਤਾ ਘੱਟੋ-ਘੱਟ 25 ਘੰਟੇ ਲਈ ਤੁਹਾਡੇ ਮੁੱਖ ਪੇਸ਼ੇ ਦੀਆਂ ਤੁਹਾਡੀਆਂ ਨਿਯਮਤ ਡਿਊਟੀਆਂ ਜਾਂ ਇੱਕ ਮੌਸਮੀ ਕਰਮਚਾਰੀ ਵਜੋਂ ਤੁਹਾਡੀਆਂ ਡਿਊਟੀਆਂ ਕਰਨ ਦੇ ਯੋਗ ਹੋਵੋ। ਜੇ ਤੁਸੀਂ ਇੱਕ ਜੇਕਰ ਤੁਸੀਂ ਇੱਕ ਮੌਸਮੀ ਕਰਮਚਾਰੀ ਹੋ, ਤਾਂ ਲਾਜ਼ਮੀ ਤੌਰ 'ਤੇ ਘੱਟੋ-ਘੱਟ ਇੱਕ ਪਿਛਲੇ ਸੀਜ਼ਨ ਲਈ ਕੰਮ ਕੀਤਾ ਹੋਣਾ ਚਾਹੀਦਾ ਹੈ।	• ਕੈਨੇਡਾ ਦਾ ਵਸਨੀਕ; • 18 ਸਾਲ ਜਾਂ ਵੱਧ ਅਤੇ 65 ਸਾਲ ਤੋਂ ਘੱਟ ਦੀ ਉਮਰ; • CIBC ਮੌਰਗੇਜ ਕਰਜ਼ੇ ਲਈ ਪ੍ਰਵਾਨਿਤ • CIBC ਮੌਰਗੇਜ ਕਰਜ਼ੇ 'ਤੇ ਉਧਾਰ ਲੈਣ ਵਾਲਾ, ਸਹਿ-ਉਧਾਰ ਲੈਣ ਵਾਲਾ ਜਾਂ ਗਾਰੰਟਰ; • ਕਿਸੇ ਵੀ ਸਰੋਤ ਤੋਂ ਕੋਈ ਅਪਾਹਿਜਤਾ ਲਾਭ ਪ੍ਰਾਪਤ ਨਹੀਂ ਕਰ ਰਹੇ ਹੋ ਸਕਦੇ; • ਕਰਮਚਾਰੀ, ਮੌਸਮੀ ਕਰਮਚਾਰੀ, ਸੁਤੰਤਰ ਠੇਕੇਦਾਰ, ਜਾਂ ਸਵੈ-ਰੁਜ਼ਗਾਰ ਵਜੋਂ ਕੰਮ ਕਰਦੇ ਹੋਣਾ ਚਾਹੀਦਾ ਹੈ, ਅਤੇ ਹਫ਼ਤੇ ਵਿੱਚ ਘੱਟੋ-ਘੱਟ 25 ਘੰਟੇ, ਆਪਣੇ ਮੁੱਖ ਕਿੱਤੇ ਦੀਆਂ ਨਿਯਮਿਤ ਡਿਊਟੀਆਂ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

ਸਾਰ	ਡਿਸਏਬਿਲਿਟੀ ਇੰਸ਼ੋਰੈਂਸ	ਡਿਸਏਬਿਲਿਟੀ ਇੰਸ਼ੋਰੈਂਸ ਪਲੱਸ
ਇਹ ਕਿੰਨਾ ਭੁਗਤਾਨ ਕਰਦਾ ਹੈ	ਇੱਕ ਨਿਸ਼ਚਿਤ ਮਹੀਨਾਵਾਰ ਲਾਭ ਰਕਮ[5] ਦਾ ਭੁਗਤਾਨ ਕਰਦਾ ਹੈ, ਜੋ ਕਿ, ਵੱਧ ਤੋਂ ਵੱਧ ਲਾਭ ਤੱਕ, ਤੁਹਾਡੇ ਮੌਰਗੇਜ ਕਰਜ਼ੇ ਦੇ ਮਹੀਨਾਵਾਰ ਮੂਲ ਅਤੇ ਵਿਆਜ ਦੇ ਭੁਗਤਾਨਾਂ 'ਤੇ ਅਧਾਰਤ ਹੈ। ਵੱਧ ਤੋਂ ਵੱਧ ਮਹੀਨਾਵਾਰ ਲਾਭ, ਅਧਿਕਤਮ 24 ਮਹੀਨਿਆਂ ਦੀ ਮਿਆਦ ਲਈ, $6,500 ਪ੍ਰਤੀ ਮਹੀਨਾ ਹੈ। ਤੁਹਾਡੇ ਸਾਰੇ ਅਸਮਰਥਤਾ ਦੇ ਬੀਮੇ ਵਾਲੇ CIBC ਮੌਰਗੇਜ ਕਰਜ਼ਿਆਂ ਲਈ ਅਸਮਰਥਤਾ ਦੀ ਹਰੇਕ ਘਟਨਾ ਲਈ ਭੁਗਤਾਨ ਯੋਗ ਅਧਿਕਤਮ ਕੁੱਲ ਲਾਭ $3,50,000 ਹੈ।	ਡਿਸਏਬਿਲਿਟੀ ਇੰਸ਼ੋਰੈਂਸ (ਅਸਮਰਥਤਾ ਬੀਮਾ): ਕਿਰਪਾ ਕਰਕੇ ਡਿਸਏਬਿਲਿਟੀ ਇੰਸ਼ੋਰੈਂਸ ਭਾਗ ਵਿੱਚ ਵਰਣਿਤ ਲਾਭ ਦੇਖੋ। ਨੌਕਰੀ ਚਲੇ ਜਾਣ ਦਾ ਬੀਮਾ: ਇੱਕ ਨਿਸ਼ਚਿਤ ਮਹੀਨਾਵਾਰ ਲਾਭ ਰਕਮ5 ਦਾ ਭੁਗਤਾਨ ਕਰਦਾ ਹੈ, ਜੋ ਕਿ, ਵੱਧ ਤੋਂ ਵੱਧ ਲਾਭ ਤੱਕ, ਤੁਹਾਡੇ ਮੌਰਗੇਜ ਕਰਜ਼ੇ ਦੇ ਮਹੀਨਾਵਾਰ ਮੂਲ ਅਤੇ ਵਿਆਜ ਦੇ ਭੁਗਤਾਨਾਂ 'ਤੇ ਅਧਾਰਤ ਹੈ। ਵੱਧ ਤੋਂ ਵੱਧ ਮਹੀਨਾਵਾਰ ਲਾਭ, ਅਧਿਕਤਮ 6 ਮਹੀਨਿਆਂ ਦੀ ਮਿਆਦ ਲਈ, $6,500 ਪ੍ਰਤੀ ਮਹੀਨਾ ਹੈ। ਤੁਹਾਡੇ ਸਾਰੇ ਨੌਕਰੀ ਦੇ ਚਲੇ ਜਾਣ ਦੇ ਬੀਮੇ ਵਾਲੇ CIBC ਮੌਰਗੇਜ ਕਰਜ਼ਿਆਂ ਲਈ ਨੌਕਰੀ ਦੇ ਚਲੇ ਜਾਣ ਦੀ ਹਰੇਕ ਘਟਨਾ ਲਈ ਅਧਿਕਤਮ ਕੁੱਲ ਲਾਭ $1,25,000 ਹੈ।
ਅਲਹਿਦਗੀਆਂ (ਪੂਰੀ ਸੂਚੀ ਨਹੀਂ। ਸਾਰੀਆਂ ਅਲਹਿਦਗੀਆਂ ਅਤੇ ਸੀਮਾਵਾਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ)	ਕੋਈ ਲਾਭ ਦੇਣ ਯੋਗ ਨਹੀਂ ਹੁੰਦਾ ਹੈ ਜੇਕਰ ਤੁਸੀਂ: • ਉਡੀਕ ਦੀ ਮਿਆਦ ਦੇ ਦੌਰਾਨ ਕੰਮ 'ਤੇ ਵਾਪਸ ਜਾਂਦੇ ਹੋ; • ਆਪਣੇ ਪੂਰੇ ਸਮੇਂ ਦੇ ਪੇਸ਼ੇ ਦੀਆਂ ਆਪਣੀਆਂ ਨਿਯਮਿਤ ਡਿਊਟੀਆਂ ਨੂੰ ਨਿਭਾਉਣ ਵਿੱਚ ਪੂਰੀ ਤਰ੍ਹਾਂ ਅਸਮਰਥ ਨਹੀਂ ਹੋ ਜਾਂ ਜੇਕਰ ਤੁਸੀਂ ਇੱਕ ਮੌਸਮੀ ਕਰਮਚਾਰੀ ਹੋ ਤਾਂ ਤੁਸੀਂ ਆਪਣੇ ਮੁੱਖ ਪੇਸ਼ੇ ਦੀਆਂ ਜ਼ਰੂਰੀ ਡਿਊਟੀਆਂ ਨੂੰ ਨਿਭਾਉਣ ਵਿੱਚ ਪੂਰੀ ਤਰ੍ਹਾਂ ਅਸਮਰੱਥ ਨਹੀਂ ਹੋ; • ਆਪਣੀ ਅਸਮਰਥਤਾ ਦੇ ਕਾਰਨ ਕੰਮ ਕਰਨਾ ਬੰਦ ਨਹੀਂ ਕਰਦੇ ਹੋ	ਡਿਸਏਬਿਲਿਟੀ ਇੰਸ਼ੋਰੈਂਸ (ਅਸਮਰਥਤਾ ਬੀਮਾ): ਕਿਰਪਾ ਕਰਕੇ ਡਿਸਏਬਿਲਿਟੀ ਇੰਸ਼ੋਰੈਂਸ ਭਾਗ ਵਿੱਚ ਵਰਣਿਤ ਅਲਹਿਦਗੀਆਂ ਦੇਖੋ। ਨੌਕਰੀ ਚਲੇ ਜਾਣ ਦਾ ਬੀਮਾ: ਨੌਕਰੀ ਚਲੇ ਜਾਣ ਦੇ ਬੀਮੇ ਦੇ ਲਾਭ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ ਜੇਕਰ ਤੁਸੀਂ: • ਤੁਹਾਨੂੰ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਕਿਸੇ ਕਾਰਨ ਕਰਕੇ ਬਰਖਾਸਤ ਕੀਤਾ ਜਾਂਦਾ ਹੈ; • ਰਿਟਾਇਰ ਹੋ ਜਾਂਦੇ ਹੋ (ਸਵੈ-ਇੱਛਾ ਨਾਲ ਜਾਂ ਜ਼ਬਰਦਸਤੀ) ਜਾਂ ਨੌਕਰੀ ਛੱਡ ਦਿੰਦੇ ਹੋ, ਅਸਤੀਫਾ ਦਿੰਦੇ ਹੋ, ਜਾਂ ਆਪਣੀ ਮਰਜ਼ੀ ਨਾਲ ਆਪਣਾ ਰੁਜ਼ਗਾਰ ਸਮਾਪਤ ਕਰ ਦਿੰਦੇ ਹੋ
ਉਡੀਕ ਮਿਆਦ	ਲਾਭਾਂ ਦੇ ਭੁਗਤਾਨ ਯੋਗ ਬਣਨ ਤੋਂ ਪਹਿਲਾਂ ਤੁਹਾਨੂੰ ਅਸਮਰਥ ਹੋਣ ਦੀ ਮਿਤੀ ਤੋਂ ਬਾਅਦ 30 ਦਿਨ ਉਡੀਕ ਕਰਨੀ ਪਵੇਗੀ।	ਲਾਭਾਂ ਦੇ ਭੁਗਤਾਨ ਯੋਗ ਹੋਣ ਤੋਂ ਪਹਿਲਾਂ ਤੁਹਾਨੂੰ ਅਸਮਰਥਤਾ ਦੀ ਮਿਤੀ ਜਾਂ ਤੁਹਾਡੀ ਨੌਕਰੀ ਚਲੇ ਜਾਣ ਦੀ ਮਿਤੀ ਤੋਂ ਬਾਅਦ 30 ਦਿਨ ਉਡੀਕ ਕਰਨੀ ਪਵੇਗੀ।
ਉਮਰ ਦੀ ਕਵਰੇਜ ਖ਼ਤਮ ਹੁੰਦੀ ਹੈ	65	65
ਤੁਹਾਡੇ ਬੀਮੇ ਦੀ ਲਾਗਤ ਕੀ ਹੈ	ਤੁਹਾਡਾ ਮਹੀਨਾਵਾਰ[6] ਪ੍ਰੀਮੀਅਮ ਤੁਹਾਡੀ ਅਰਜ਼ੀ ਦੀ ਮਿਤੀ 'ਤੇ ਤੁਹਾਡੀ ਉਮਰ, ਨਿਸ਼ਚਿਤ ਮਹੀਨਾਵਾਰ ਲਾਭ ਦੀ ਰਕਮ5 ਅਤੇ ਬੀਮੇ ਦੇ ਸਰਟੀਫਿਕੇਟ ਵਿੱਚ ਨਿਰਧਾਰਤ ਲਾਗੂ ਪ੍ਰੀਮੀਅਮ ਦਰ4 'ਤੇ ਅਧਾਰਤ ਹੁੰਦਾ ਹੈ। ਜਿੱਥੇ ਲਾਗੂ ਹੋਵੇ, ਸੂਬਾਈ ਟੈਕਸ ਸ਼ਾਮਲ ਕੀਤੇ ਜਾਂਦੇ ਹਨ। ਤੁਹਾਡੇ ਮਹੀਨਾਵਾਰ ਅਸਮਰਥਤਾ ਬੀਮਾ ਪ੍ਰੀਮੀਅਮ 'ਤੇ ਛੋਟਾਂ ਲਾਗੂ ਹੋ ਸਕਦੀਆਂ ਹਨ। ਕਿਰਪਾ ਕਰਕੇ ਹੇਠਾਂ "ਪ੍ਰੀਮੀਅਮ ਵਿੱਚ ਛੋਟਾਂ" ਭਾਗ ਦੇਖੋ ਪ੍ਰੀਮੀਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ਇਸ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਭਾਗ ਵਿੱਚ "ਮੌਰਗੇਜ ਅਸਮਰਥਤਾ ਬੀਮਾ" ਦੇਖੋ।	ਤੁਹਾਡਾ ਅਸਮਰਥਤਾ ਬੀਮਾ ਪਲੱਸ ਪ੍ਰੀਮੀਅਮ ਦੋ ਕਵਰੇਜਾਂ ਲਈ ਕੁੱਲ ਪ੍ਰੀਮੀਅਮ ਹੈ: ਅਸਮਰੱਥ ਹੋਣਾ ਅਤੇ ਨੌਕਰੀ ਚਲੀ ਜਾਣਾ ਅਸਮਰਥਤਾ ਅਤੇ ਨੌਕਰੀ ਚਲੇ ਜਾਣਾ, ਪ੍ਰੀਮੀਅਮ ਦੇ ਆਪਣੇ ਅਸਮਰਥਤਾ ਹਿੱਸੇ ਦੀ ਗਣਨਾ ਕਰਨ ਲਈ, ਅਸਮਰਥਤਾ ਬੀਮਾ ਭਾਗ ਵੇਖੋ। ਮਹੀਨਾਵਾਰ[6] ਪ੍ਰੀਮੀਅਮ ਦਾ ਤੁਹਾਡਾ ਨੌਕਰੀ ਚਲੇ ਜਾਣ ਦਾ ਹਿੱਸਾ ਬੀਮੇ ਦੇ ਸਰਟੀਫਿਕੇਟ ਵਿੱਚ ਦਿੱਤੇ ਗਏ ਨਿਸ਼ਚਿਤ ਮਹੀਨਾਵਾਰ ਬੈਨਿਫਿਟ ਰਕਮ5 ਅਤੇ ਨੌਕਰੀ ਦੇ ਚਲੇ ਜਾਣ ਦੀ ਪ੍ਰੀਮੀਅਮ ਦਰ4 'ਤੇ ਅਧਾਰਤ ਹੈ। ਨੌਕਰੀ ਚਲੇ ਜਾਣ ਦੀ ਪ੍ਰੀਮੀਅਮ ਦਰ ਸਾਰੇ ਉਮਰ ਸਮੂਹਾਂ ਲਈ ਇੱਕੋ ਜਿਹੀ ਹੈ। ਜਿੱਥੇ ਲਾਗੂ ਹੋਵੇ, ਸੂਬਾਈ ਟੈਕਸ ਸ਼ਾਮਲ ਕੀਤੇ ਜਾਂਦੇ ਹਨ। ਤੁਹਾਡੇ ਮਹੀਨਾਵਾਰ ਅਸਮਰਥਤਾ ਬੀਮਾ ਪਲੱਸ ਪ੍ਰੀਮੀਅਮ 'ਤੇ ਛੋਟਾਂ ਲਾਗੂ ਹੋ ਸਕਦੀਆਂ ਹਨ। ਕਿਰਪਾ ਕਰਕੇ ਹੇਠਾਂ "ਪ੍ਰੀਮੀਅਮ ਵਿੱਚ ਛੋਟਾਂ" ਭਾਗ ਦੇਖੋ ਪ੍ਰੀਮੀਅਮ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ ਇਸ ਦੀਆਂ ਉਦਾਹਰਨਾਂ ਲਈ ਬੀਮੇ ਦਾ ਸਰਟੀਫਿਕੇਟ ਭਾਗ ਵਿੱਚ "ਮੌਰਗੇਜ ਅਸਮਰਥਤਾ ਬੀਮਾ ਪਲੱਸ" ਦੇਖੋ।

ਪ੍ਰੀਮਿਅਮ ਵਿੱਚ ਛੋਟਾਂ

ਵਰਣਨ	
ਪ੍ਰੀਮੀਅਮਾਂ 'ਤੇ ਲਾਗੂ ਛੋਟਾਂ	ਤੁਹਾਡੇ ਪ੍ਰੀਮੀਅਮਾਂ 'ਤੇ ਇੱਕ ਜਾਂ ਵੱਧ ਛੋਟਾਂ ਲਾਗੂ ਹੋ ਸਕਦੀਆਂ ਹਨ। • ਜੀਵਨ ਬੀਮਾ ਅਤੇ ਗੰਭੀਰ ਬਿਮਾਰੀ ਬੀਮਾ ਲਈ: $300,000 ਤੋਂ ਵੱਧ ਬੀਮਾ ਕੀਤੀ ਰਕਮ ਲਈ, ਪ੍ਰੀਮੀਅਮਾਂ ਵਿੱਚ ਲਾਗੂ ਛੋਟਾਂ ਸ਼ਾਮਲ ਹੋਣਗੀਆਂ। • ਅਸਮਰਥਤਾ ਬੀਮਾ ਅਤੇ ਅਸਮਰਥਤਾ ਬੀਮਾ ਪਲੱਸ ਲਈ: $1,500 ਤੋਂ ਵੱਧ ਨਿਸ਼ਚਿਤ ਮਹੀਨਾਵਾਰ ਲਾਭਾਂ ਲਈ ਪ੍ਰੀਮੀਅਮਾਂ ਵਿੱਚ ਲਾਗੂ ਛੋਟਾਂ ਸ਼ਾਮਲ ਹੋਣਗੀਆਂ। • ਜਦੋਂ ਦੋ ਵਿਅਕਤੀ ਇੱਕੋ ਮੌਰਗੇਜ 'ਤੇ ਇੱਕੋ ਕਵਰੇਜ ਲਈ ਬੀਮਾ ਕਰਵਾਉਂਦੇ ਹਨ ਤਾਂ ਤੁਹਾਡੇ ਪ੍ਰੀਮੀਅਮ 'ਤੇ 15% ਦੀ ਛੋਟ ਵੀ ਮਿਲਦੀ ਹੈ, ਉਦਾਹਰਨ ਵਜੋਂ, ਦੋਵਾਂ ਨੇ ਜੀਵਨ ਬੀਮਾ ਕਰਵਾਇਆ ਹੈ। • ਜੇਕਰ ਤੁਹਾਡੇ ਮੌਰਗੇਜ ਕਰਜ਼ੇ ਦਾ ਇੱਕ ਤੋਂ ਵੱਧ ਕਵਰੇਜ ਕਿਸਮਾਂ ਨਾਲ ਬੀਮਾ ਕਰਵਾਇਆ ਗਿਆ ਹੈ ਤਾਂ ਤੁਹਾਡੇ ਪ੍ਰੀਮੀਅਮ 'ਤੇ 5% ਦੀ ਛੋਟ ਵੀ ਮਿਲਦੀ ਹੈ। ਪ੍ਰੀਮੀਅਮ ਦੀ ਗਣਨਾ ਕਿਵੇਂ ਕੀਤੀ ਜਾਵੇਗੀ, ਇਸ ਬਾਰੇ ਹੋਰ ਜਾਣਕਾਰੀ ਲਈ ਬੀਮੇ ਦੇ ਸਰਟੀਫਿਕੇਟ ਵਿੱਚ "ਤੁਹਾਡੇ ਜੀਵਨ ਬੀਮਾ ਪ੍ਰੀਮੀਅਮਾਂ 'ਤੇ ਛੋਟਾਂ", "ਤੁਹਾਡੇ ਗੰਭੀਰ ਬਿਮਾਰੀ ਬੀਮਾ ਪ੍ਰੀਮੀਅਮਾਂ 'ਤੇ ਛੋਟਾਂ", "ਤੁਹਾਡੇ ਅਸਮਰਥਤਾ ਬੀਮਾ ਪ੍ਰੀਮੀਅਮਾਂ 'ਤੇ ਛੋਟਾਂ" ਜਾਂ "ਤੁਹਾਡੇ ਅਸਮਰਥਤਾ ਬੀਮਾ ਪਲੱਸ ਪ੍ਰੀਮੀਅਮਾਂ 'ਤੇ ਛੋਟ" ਭਾਗ ਦੇਖੋ।

ਸਿਹਤ ਸੰਬੰਧੀ ਸਵਾਲ

ਇਸ ਬੀਮੇ ਲਈ ਅਰਜ਼ੀ ਦੇਣ ਲਈ ਤੁਹਾਨੂੰ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਹੈ। Canada Life ਇਹ ਨਿਰਧਾਰਤ ਕਰਨ ਲਈ ਤੁਹਾਡੀ ਸਿਹਤ ਜਾਣਕਾਰੀ ਇਕੱਠੀ ਕਰਦੀ ਹੈ ਅਤੇ ਵਰਤਦੀ ਹੈ ਕਿ ਕੀ ਤੁਸੀਂ ਕਵਰੇਜ ਲਈ ਯੋਗ ਹੋ। ਜੇਕਰ ਤੁਸੀਂ ਅਰਜ਼ੀ 'ਤੇ ਕਿਸੇ ਸਿਹਤ ਸੰਬੰਧੀ ਸਵਾਲ ਦਾ ਜਵਾਬ "ਹਾਂ" ਵਿੱਚ ਦਿੰਦੇ ਹੋ, ਤਾਂ Canada Life ਤੁਹਾਡੀ ਅਰਜ਼ੀ ਦੀ ਸਮੀਖਿਆ ਕਰੇਗੀ ਅਤੇ ਵਾਧੂ ਡਾਕਟਰੀ ਜਾਣਕਾਰੀ ਪ੍ਰਾਪਤ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੈ। ਇਹ ਮਹੱਤਵਪੂਰਨ ਹੈ ਕਿ ਤੁਹਾਡੇ ਸਿਹਤ ਸੰਬੰਧੀ ਸਵਾਲਾਂ, ਅਤੇ Canada Life ਦੁਆਰਾ ਪੁੱਛੇ ਗਏ ਹੋਰ ਸਵਾਲਾਂ ਦੇ ਜਵਾਬ, ਸੱਚੇ, ਸਹੀ ਅਤੇ ਸੰਪੂਰਨ ਹੋਣ। ਜੇਕਰ ਤੁਸੀਂ (ਜਾਂ ਤੁਹਾਡੀ ਜਾਇਦਾਦ) ਦਾਅਵਾ ਪੇਸ਼ ਕਰਦੇ ਹੋ, ਤਾਂ Canada Life ਤੁਹਾਡੇ ਸਿਹਤ ਸੰਬੰਧੀ ਸਵਾਲਾਂ ਅਤੇ Canada Life ਦੁਆਰਾ ਪੁੱਛੇ ਗਏ ਕਿਸੇ ਵੀ ਹੋਰ ਸਵਾਲਾਂ ਦੇ ਜਵਾਬਾਂ ਦੀ ਸਮੀਖਿਆ ਕਰ ਸਕਦੀ ਹੈ। ਇਹਨਾਂ ਸਵਾਲਾਂ ਦੇ ਸੱਚੇ, ਸਹੀ ਅਤੇ ਸੰਪੂਰਨ ਜਵਾਬ ਦੇਣ ਵਿੱਚ ਅਸਫਲਤਾ ਤੁਹਾਡੀ ਬੀਮਾ ਕਵਰੇਜ ਨੂੰ ਅਵੈਧ ਬਣਾ ਸਕਦੀ ਹੈ।

ਤੁਹਾਡੀ ਕਵਰੇਜ ਕਦੋਂ ਸ਼ੁਰੂ ਹੁੰਦੀ ਹੈ

ਤੁਹਾਡੀ ਬੀਮੇ ਨੂੰ CIBC ਨੂੰ ਤੁਹਾਡੀ ਦਸਤਖਤ ਕੀਤੀ ਅਤੇ ਪੂਰੀ ਭਰੀ ਅਰਜ਼ੀ ਪ੍ਰਾਪਤ ਕਰਨ ਦੀ ਮਿਤੀ ਤੋਂ ਮਨਜ਼ੂਰੀ ਦਿੱਤੀ ਜਾਂਦੀ ਹੈ ਅਤੇ ਸ਼ੁਰੂ ਕੀਤਾ ਜਾਂਦਾ ਹੈ ਜੇਕਰ:

- ਤੁਸੀਂ ਅਰਜ਼ੀ ਵਿੱਚ 'ਤੇ ਸਾਰੇ ਲਾਗੂ ਹੋਣ ਵਾਲੇ ਸਿਹਤ ਸੰਬੰਧੀ ਸਵਾਲਾਂ ਦਾ ਜਵਾਬ "ਨਹੀਂ" ਵਿੱਚ ਦਿੱਤਾ ਹੈ; ਅਤੇ
- ਤੁਹਾਡਾ CIBC ਮੌਰਗੇਜ ਕਰਜ਼ਾ ਮਨਜ਼ੂਰ ਹੋ ਗਿਆ ਹੈ

ਹੋਰ ਸਾਰੀਆਂ ਸਥਿਤੀਆਂ ਵਿੱਚ, Canada Life ਤੁਹਾਡੀ ਅਰਜ਼ੀ ਦੀ ਸਮੀਖਿਆ ਕਰੇਗੀ। ਜੇਕਰ Canada Life ਦੀ ਸਮੀਖਿਆ ਤੋਂ ਬਾਅਦ ਤੁਹਾਡੀ ਬੀਮਾ ਕਵਰੇਜ ਮਨਜ਼ੂਰ ਹੋ ਜਾਂਦੀ ਹੈ, ਤਾਂ ਉਹ ਤੁਹਾਨੂੰ ਲਿਖਤੀ ਰੂਪ ਵਿੱਚ ਦੱਸਣਗੇ ਕਿ ਤੁਹਾਡੀ ਅਰਜ਼ੀ ਮਨਜ਼ੂਰ ਹੋ ਗਈ ਹੈ ਅਤੇ ਤੁਹਾਡੀ ਬੀਮਾ ਸ਼ੁਰੂ ਹੋਣ ਦੀ ਮਿਤੀ ਦੀ ਪੁਸ਼ਟੀ ਕਰਨਗੇ। ਜੇਕਰ ਤੁਹਾਡੀ ਬੀਮਾ ਕਵਰੇਜ ਮਨਜ਼ੂਰ ਨਹੀਂ ਹੁੰਦੀ, ਤਾਂ Canada Life ਤੁਹਾਨੂੰ ਇਨਕਾਰ ਕੀਤੇ ਜਾਣ ਦਾ ਨੋਟਿਸ ਦੇਵੇਗੀ।

30 ਦਿਨਾਂ ਦੀ ਸਮੀਖਿਆ ਦੀ ਮਿਆਦ ਅਤੇ ਰੱਦ ਕਿਵੇਂ ਕਰਨਾ ਹੈ

ਤੁਹਾਡੇ ਕੋਲ ਕਵਰੇਜ ਦੀ ਸਮੀਖਿਆ ਕਰਨ ਅਤੇ ਇਹ ਫੈਸਲਾ ਕਰਨ ਲਈ ਕਿ ਕੀ ਇਹ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ, ਤੁਹਾਡੇ ਬੀਮੇ ਦਾ ਸਰਟੀਫਿਕੇਟ ਪ੍ਰਾਪਤ ਕਰਨ ਤੋਂ ਬਾਅਦ 30 ਦਿਨ ਹੁੰਦੇ ਹਨ। ਜੇਕਰ ਤੁਸੀਂ 30-ਦਿਨਾਂ ਦੀ ਸਮੀਖਿਆ ਮਿਆਦ ਦੇ ਅੰਦਰ ਰੱਦ ਕਰਦੇ ਹੋ, ਤਾਂ ਤੁਹਾਨੂੰ ਤੁਹਾਡੇ ਦੁਆਰਾ ਭੁਗਤਾਨ ਕੀਤੇ ਗਏ ਕਿਸੇ ਵੀ ਪ੍ਰੀਮੀਅਮ ਦਾ ਪੂਰਾ ਰਿਫੰਡ ਪ੍ਰਾਪਤ ਹੋਵੇਗਾ।

ਤੁਸੀਂ ਕਿਸੇ ਵੀ ਸਮੇਂ CIBC ਕ੍ਰੈਡਿਟਰ ਇੰਸ਼ੋਰੈਂਸ ਹੈਲਪਲਾਈਨ ਨੂੰ 1 800 465-6020 'ਤੇ ਕਾਲ ਕਰਕੇ; ਕਿਸੇ CIBC ਬੈਂਕਿੰਗ ਸੈਂਟਰ ਵਿੱਚ ਇੱਕ ਰੱਦੀਕਰਨ ਫਾਰਮ ਨੂੰ ਭਰ ਕੇ ਇਸ ਵਿਕਲਪਿਕ ਬੀਮਾ ਕਵਰੇਜ ਨੂੰ ਰੱਦ ਕਰ ਸਕਦੇ ਹੋ।

ਦਾਅਵਾ ਅਤੇ ਅਪੀਲ ਦਾਅਵਾ ਕਿਵੇਂ ਕਰਨਾ ਹੈ

ਦਾਅਵਾ ਫਾਰਮ ਕਿਸੇ ਵੀ CIBC ਬੈਂਕਿੰਗ ਸੈਂਟਰ ਤੋਂ, cibc.com 'ਤੇ ਜਾ ਕੇ ਜਾਂ CIBC ਕ੍ਰੈਡਿਟ ਇੰਸ਼ੋਰੈਂਸ ਹੈਲਪਲਾਈਨ ਨੂੰ 1 800 465-6020 'ਤੇ ਕਾਲ ਕਰਕੇ ਉਪਲਬਧ ਹਨ। ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਬੀਮਾਯੁਕਤ ਘਟਨਾ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਦਾਅਵਾ ਕਰੋ।

ਜੇਕਰ ਤੁਹਾਡਾ ਦਾਅਵਾ ਮਨਜ਼ੂਰ ਹੋ ਜਾਂਦਾ ਹੈ, ਤਾਂ Canada Life CIBC ਨੂੰ ਲਾਭ ਦਾ ਭੁਗਤਾਨ ਕਰਦੀ ਹੈ, ਅਤੇ CIBC ਤੁਹਾਡੇ ਬੀਮੇ ਵਾਲੇ CIBC ਮੌਰਗੇਜ ਕਰਜ਼ੇ 'ਤੇ ਲਾਭ ਦਾ ਭੁਗਤਾਨ ਲਾਗੂ ਕਰਦੀ ਹੈ। Canada Life ਦੇ ਕੋਲ ਦਾਅਵੇ ਦਾਇਰ ਕਰਨ ਲਈ ਮਹੱਤਵਪੂਰਨ ਸਮਾਂ ਸੀਮਾਵਾਂ ਸਮੇਤ ਪੂਰੇ ਵੇਰਵਿਆਂ ਲਈ ਬੀਮੇ ਦਾ ਸਰਟੀਫਿਕੇਟ ਦੇਖੋ।

ਕੈਨੇਡਾ ਲਾਈਫ ਤੁਹਾਡੇ ਦਾਅਵੇ 'ਤੇ ਪ੍ਰਕਿਰਿਆ ਕਰਨ ਲਈ ਸਾਰੇ ਜ਼ਰੂਰੀ ਦਸਤਾਵੇਜ਼ ਪ੍ਰਾਪਤ ਹੋਣ ਤੋਂ ਬਾਅਦ 30 ਦਿਨਾਂ ਦੇ ਅੰਦਰ ਤੁਹਾਨੂੰ ਆਪਣੇ ਫੈਸਲੇ ਬਾਰੇ ਦੱਸੇਗੀ। ਜੇ ਤੁਸੀਂ ਆਪਣੇ ਦਾਅਵੇ ਬਾਰੇ ਕਿਸੇ ਫੈਸਲੇ ਨਾਲ ਸਹਿਮਤ ਨਹੀਂ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਲਿਖਤੀ ਰੂਪ ਵਿੱਚ ਇਸ 'ਤੇ ਅਪੀਲ ਕਰ ਸਕਦੇ ਹੋ ਅਤੇ ਅਪੀਲ ਕਰਨ ਦੇ ਕਾਰਨ ਸ਼ਾਮਲ ਕਰ ਸਕਦੇ ਹੋ। ਤੁਹਾਡੇ ਦਾਅਵੇ ਦੀ ਸਮੀਖਿਆ ਦਾ ਸਮਰਥਨ ਕਰਨ ਲਈ ਲੋੜੀਂਦੇ ਕਿਸੇ ਵੀ ਡਾਕਟਰੀ ਸਬੂਤ ਦੀ ਲਾਗਤ ਤੁਹਾਡੇ ਆਪਣੇ ਖਰਚੇ 'ਤੇ ਹੋਵੇਗੀ।

ਵਧੀਕ ਸਵਾਲਾਂ ਲਈ ਕਿਸ ਨਾਲ ਸੰਪਰਕ ਕਰਨਾ ਹੈ

ਕਿਰਪਾ ਕਰਕੇ Canada Life ਜਾਂ CIBC ਕ੍ਰੈਡਿਟ ਇੰਸ਼ੋਰੈਂਸ ਹੈਲਪਲਾਈਨ ਨਾਲ ਇੱਥੇ ਸੰਪਰਕ ਕਰੋ:

Canada Life

1 800 387-4495

canadalife.com

The Canada Life Assurance Company 330 University Avenue

Toronto, ON M5G 1R8

CIBC ਕ੍ਰੈਡਿਟਰ ਇੰਸ਼ੋਰੈਂਸ ਹੈਲਪਲਾਈਨ

1 800 465-6020

CIBC Creditor Customer Service

81 Bay Street

Toronto

ON M5J0E7

CIBC ਬਾਰੇ ਜਾਣਕਾਰੀ

ਇਸ ਬੀਮੇ ਸੰਬੰਧੀ ਸੇਵਾਵਾਂ ਮੁਹੱਈਆ ਕਰਵਾਉਣ ਲਈ CIBC ਨੂੰ Canada Life ਤੋਂ ਫੀਸਾਂ ਪ੍ਰਾਪਤ ਹੁੰਦੀਆਂ ਹਨ। ਇਸ ਤੋਂ ਇਲਾਵਾ, ਗਰੁੱਪ ਪਾਲਿਸੀ ਤਹਿਤ ਜੋਖਮ ਲਈ ਮੁੜ ਤੋਂ ਬੀਮਾ ਹੋ ਸਕਦਾ ਹੈ, ਜੋ CIBC ਨਾਲ ਸਬੰਧਤ ਮੁੜ-ਬੀਮਾ ਕਰਨ ਵਾਲੇ ਬੀਮਾਕਾਰ ਕੋਲ ਸਮੁੱਚੇ ਰੂਪ ਵਿੱਚ ਜਾਂ ਅੰਸ਼ਕ ਰੂਪ ਵਿੱਚ ਹੋ ਸਕਦਾ ਹੈ। ਮੁੜ ਤੋਂ ਬੀਮਾ ਕਰਨ ਵਾਲਾ ਬੀਮਾਕਾਰ ਇਸ ਇੰਤਜ਼ਾਮ ਤਹਿਤ ਮੁੜ ਬੀਮੇ ਵਾਲੀ ਆਮਦਨ ਕਮਾਉਂਦਾ ਹੈ। CIBC ਵੱਲੋਂ ਇਸ ਬੀਮੇ ਨੂੰ ਪ੍ਰੋਤਸਾਹਿਤ ਕਰਨ ਵਾਲੇ ਪ੍ਰਤਿਨਿਧੀ ਮੁਆਵਜ਼ਾ ਪ੍ਰਾਪਤ ਕਰ ਸਕਦੇ ਹਨ।

13031 Punjabi – 2025/06

1 ਕਿਰਪਾ ਕਰਕੇ cibc.com/insurance ‘ਤੇ ਬੀਮੇ ਦਾ ਨਮੂਨਾ ਸਰਟੀਫਿਕੇਟ ਦੇਖੋ ਜਾਂ The Canada Life Assurance Company ਦੇ ਗਾਹਕ ਸੇਵਾ ਦਫ਼ਤਰ ਨੂੰ 1 800 387-4495 ‘ਤੇ ਕਾਲ ਕਰੋ।

2 ਜੇਕਰ ਤੁਹਾਡੀ CIBC ਮੌਰਗੇਜ ਕਰਜ਼ਾ ਭੁਗਤਾਨ ਦੀ ਵਾਰਵਾਰਤਾ ਮਹੀਨਾਵਾਰ ਤੋਂ ਇਲਾਵਾ ਕੋਈ ਹੋਰ ਹੈ, ਤਾਂ ਤੁਹਾਡਾ ਬੀਮਾ ਪ੍ਰੀਮੀਅਮ ਉਸ ਅਨੁਸਾਰ ਵਿਵਸਥਿਤ ਕੀਤਾ ਜਾਵੇਗਾ।

3 ਸ਼ੁਰੂਆਤੀ ਬੀਮੇ ਦੀ ਰਕਮ ਤੁਹਾਡੇ CIBC ਮੌਰਗੇਜ ਕਰਜ਼ੇ ਲਈ ਪ੍ਰਦਾਨ ਕੀਤੀ ਗਈ ਬੀਮੇ ਦੀ ਵੱਧ ਤੋਂ ਵੱਧ ਡਾਲਰ ਰਕਮ ਹੈ ਜਿਵੇਂ ਕਿ ਬੀਮੇ ਦੇ ਸਰਟੀਫਿਕੇਟ ਵਿੱਚ ਵਰਣਨ ਕੀਤਾ ਗਿਆ ਹੈ।

4 ਤੁਹਾਡੇ ਬੀਮੇ ਦੇ ਪ੍ਰਭਾਵੀ ਹੋਣ ਦੌਰਾਨ ਤੁਹਾਡੇ ਪ੍ਰੀਮੀਅਮ ਨਹੀਂ ਬਦਲਦੇ ਹਨ ਜਦੋਂ ਤੱਕ ਪਾਲਿਸੀ ਦੇ ਅਧੀਨ ਪੂਰੇ ਸਮੂਹ ਲਈ ਪ੍ਰੀਮੀਅਮ ਦਰਾਂ ਨਹੀਂ ਬਦਲੀਆਂ ਜਾਂਦੀਆਂ।

5 ਨਿਸ਼ਚਿਤ ਮਹੀਨਾਵਾਰ ਲਾਭ ਦੀ ਰਕਮ ਦਾ ਮਤਲਬ ਹੈ:

i. ਜੇਕਰ ਤੁਹਾਡੀ ਬੀਮੇ ਦੀ ਅਰਜ਼ੀ ਮਨਜ਼ੂਰ ਹੋ ਜਾਂਦੀ ਹੈ: $6500 ਦੇ ਵੱਧ ਤੋਂ ਵੱਧ ਮਹੀਨਾਵਾਰ ਲਾਭ ਤੱਕ, ਤੁਹਾਡੀ ਅਰਜ਼ੀ ਵਿੱਚ ਨਿਰਧਾਰਤ ਮਹੀਨਾਵਾਰ ਲਾਭ ਦੀ ਰਕਮ ਜੋ ਤੁਹਾਡੇ ਮਹੀਨਾਵਾਰ CIBC ਮੌਰਗੇਜ ਕਰਜ਼ੇ ਦੇ ਭੁਗਤਾਨਾਂ ਦੇ ਮੂਲ ਅਤੇ ਵਿਆਜ ਵਾਲੇ ਹਿੱਸੇ ‘ਤੇ ਅਧਾਰਤ ਹੈ (ਨੇੜਲੇ $100 ਤੱਕ ਪੂਰਨ ਬਣਾਇਆ ਜਾਂਦਾ ਹੈ)।

ii. ਜੇਕਰ ਤੁਹਾਡੀ ਬੀਮੇ ਦੀ ਅਰਜ਼ੀ ਮਨਜ਼ੂਰ ਨਹੀਂ ਹੁੰਦੀ ਹੈ: ਜੇਕਰ ਤੁਸੀਂ ਤੁਹਾਡੇ ਕੋਲ ਮੌਜੂਦ ਪਿਛਲੀ ਕਵਰੇਜ ਦੇ ਆਧਾਰ ‘ਤੇ ਕਵਰੇਜ ਲਈ ਯੋਗ ਹੋ, ਤਾਂ ਤੁਹਾਨੂੰ ਦੱਸੀ ਗਈ ਨਿਸ਼ਚਿਤ ਮਹੀਨਾਵਾਰ ਲਾਭ ਦੀ ਰਕਮ ਜਾਂਦੀ ਹੈ। ਧਿਆਨ ਦਿਓ: ਜੇਕਰ ਤੁਸੀਂ ਤੇਜ਼ ਕੀਤੇ ਗਏ ਮੌਰਗੇਜ ਕਰਜ਼ੇ ਦੇ ਭੁਗਤਾਨਾਂ ਦੀ ਚੋਣ ਕਰਦੇ ਹੋ ਤਾਂ ਤੁਹਾਡੀ ਨਿਸ਼ਚਿਤ ਮਹੀਨਾਵਾਰ ਲਾਭ ਰਕਮ ਨਹੀਂ ਬਦਲਦੀ।

6 ਜੇਕਰ ਤੁਹਾਡੀ CIBC ਮੌਰਗੇਜ ਭੁਗਤਾਨ ਦੀ ਵਾਰਵਾਰਤਾ ਮਹੀਨਾਵਾਰ ਤੋਂ ਇਲਾਵਾ ਹੈ, ਤਾਂ ਤੁਹਾਡਾ ਮਹੀਨਾਵਾਰ ਬੀਮਾ ਪ੍ਰੀਮੀਅਮ ਅਤੇ ਨਿਸ਼ਚਿਤ ਮਹੀਨਾਵਾਰ ਲਾਭ ਰਕਮ ਤੁਹਾਡੇ ਬੀਮੇ ਦੇ ਸਰਟੀਫਿਕੇਟ ਵਿੱਚ ਦਰਸਾਏ ਅਨੁਸਾਰ ਵਿਵਸਥਿਤ ਕੀਤੀ ਜਾਵੇਗੀ। Canada Life ਅਤੇ ਡਿਜ਼ਾਈਨ The Canada Life Assurance Company ਦੇ ਟ੍ਰੇਡਮਾਰਕ ਹਨ। CIBC ਲੋਗੋ ਡਿਜ਼ਾਈਨ CIBC ਦਾ ਇੱਕ ਟ੍ਰੇਡਮਾਰਕ ਹੈ, ਅਤੇ ਲਾਇਸੰਸ ਦੇ ਅਧੀਨ ਵਰਤਿਆ ਗਿਆ ਹੈ।

Canada Life ਅਤੇ ਡਿਜ਼ਾਈਨ The Canada Life Assurance Company ਦੇ ਟ੍ਰੇਡਮਾਰਕ ਹਨ।

® CIBC ਲੋਗੋ CIBC ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ।